<table>
<tr><td></td><td>ਸਮੂਹ ਬੀਮਾ ਸਕੀਮ</td><td></td></tr>
<tr><td>9.1</td><td>ਸਮੂਹ ਬੀਮਾਂ ਸਕੀਮ ਅਧੀਨ ਕੀਤੀ ਜਾਂਦੀ ਕਟੌਤੀ ਦੀ ਰਕਮ ਬਾਰੇ ਨਵੀਂ ਦਰਜਾ ਬੰਦੀ ਸਬੰਧੀ ਸਪੱਸ਼ਟੀਕਰਨ ਦਿੱਤਾ ਜਾਵੇ ?</td><td>ਨਵੀਂ ਦਰਜਾ ਬੰਦੀ ਅਨੁਸਾਰ ਗਰੁੱਪ ਏ ਕਰਮਚਾਰੀਆਂ ਦੇ 120, ਗਰੁੱਪ ਬੀ ਦੇ 60, ਗਰੁੱਪ ਸੀ ਦੇ 30 ਅਤੇ ਗਰੁੱਪ ਡੀ ਦੇ 15 ਰੁਪਏ ਕਟੌਤੀ ਕੀਤੀ ਜਾਣੀ ਹੈ। ਇਹ ਕਟੌਤੀ ਜਿਹੜੇ ਸਾਲ ਵਿਚ ਕਰਮਚਾਰੀ ਦਾ ਗਰੁੱਪ ਬਦਲਿਆ ਹੈ ਉਸ ਸਾਲ ਤੋਂ ਬਾਅਦ ਅਗਲੀ ਪਹਿਲੀ ਜਨਵਰੀ ਤੋਂ ਕਟਿਆ ਜਾਵੇਗਾ । ਜਿੰਨਾਂ ਕਰਮਚਾਰੀਆਂ ਨੇ ਪੁਰਾਨਾ ਰੇਟ ਰਖਿਆ ਹੋਇਆ ਹੈ ਉਨ੍ਹਾਂ ਦਾ ਕ੍ਰਮਵਾਰ 80,40,20 ਅਤੇ 10 ਰੁਪਏ ਦੀ ਕਟੌਤੀ ਕੀਤੀ ਜਾਣੀ ਹੈ।</td></tr>
<tr><td>9.2</td><td>ਸਮੂਹ ਬੀਮਾ ਸਕੀਮ ਲਈ ਨਵੀਂ ਦਰਜਾ ਬੰਦੀ ਦਸੀ ਜਾਵੇ ।</td><td>ਪੰਜਾਬ ਸਰਕਾਰ,ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰਬਰ 4/46/09-1 ਪੀ.ਪੀ.1/ 10828 ਮਿਤੀ 13.10.2009 ਰਾਹੀਂ ਪੰਜਾਬ ;ਸਰਕਾਰ ਦੇ ਕਰਮਚਾਰੀਆਂ ਦੀ ਹੇਠ ਲਿਖੇ ਅਨੁਸਾਰ ਦਰਜਾ ਬੰਦੀ ਕੀਤੀ ਗਈ ਹੈ ।
<table>
<tr><td>ਗਰੁੱਪ ਏ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 5000/- ਜਾਂ ਇਸ ਤੋਂ ਵੱਧ ਹੈ ।</td></tr>
<tr><td>ਗਰੁੱਪ ਬੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 3800 ਤੋਂ 4999 ਹੈ</td></tr>
<tr><td>ਗਰੁੱਪ ਸੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇ 1900 ਤੋਂ 3799 ਹੈ ।</td></tr>
<tr><td>ਗਰੁੱਪ ਡੀ</td><td>ਜਿੰਨਾਂ ਅਸਾਮੀਆਂ ਦੀ ਬੇਸਿਕ ਇੰਟਰੀ ਸਕੇਲ ਦੀ ਗਰੇਡ ਪੇਅ 1900 ਤੋਂ ਘੱਟ ਹੈ</td></tr>
</table></td></tr>
<tr><td>9.3</td><td>ਰਵਾਈਜਡ ਸਕੇਲ ਰੂਲਜ 2009 ਅਧੀਨ ਬਹੁਤ ਸਾਰੀਆਂ ਕੈਟਾਗਰੀਆਂ ਦਾ ਗਰੱਪ ਬਦਲ ਗਿਆ ਹੈ । ਇਨਾਂ ਦੀ ਸਮੂਹ ਬੀਮਾ ਸਕੀਮ ਦੀ ਕਟੌਤੀ ਕਿਸ ਮਿਤੀ ਤੋਂ ਬਦਲੀ ਜਾਣੀ ਹੈ ।</td><td>ਪ੍ਰਚਲਤ ਨੀਤੀ ਦੇ ਅਧਾਰ ਤੇ ਅਜਿਹੇ ਕੇਸਾਂ ਵਿਚ ਸਮੂਹਿਕ ਬੀਮਾ ਸਕੀਮ ਦੇ ਤਹਿਤ ਸਬੰਧਤ ਕਰਮਚਾਰੀਆਂ ਦਾ ਗਰੁੱਪ ਵਿੱਤ ਵਿਭਾਗ ਦੀ ਨੋਟੀਫੀਕੇਸ਼ਨ ਜਾਰੀ ਹੋਣ ਦੀ ਮਿਤੀ ਤੋਂ ਬਾਅਦ ਆਉਣ ਵਾਲੀ ਪਹਿਲੀ ਜਨਵਰੀ ਅਰਥਾਤ 1 ਜਨਵਰੀ 2010 ਤੋਂ ਬਦਲਿਆ ਜਾਵੇ ।<br>20/1/2010-5 ਵਿ.ਪ.2/63 ਮਿਤੀ 18.02.2010</td></tr>
<tr><td>9.4</td><td>ਸਮੂਹ ਬੀਮਾ ਸਕੀਮ ਦੇ ਮੈਂਬਰ ਸਿਪ ਸਬੰਧੀ ਸਪੱਸ਼ਟ ਕੀਤਾ ਜਾਵੇ।</td><td>ਮਿਤੀ 15.8.1982 ਤੋਂ ਪਹਿਲਾਂ ਰੈਗੂਲਰ ਤੌਰ ਤੇ ਭੱਰਤੀ ਕਰਮਚਾਰੀ ਕੋਲ ਇਹ ਆਪਸ਼ਨ ਸੀ ਕਿ ਉਹ ਮਿਤੀ 30.9.1982 ਤੱਕ ਇਸ ਸਕੀਮ ਤੋਂ ਬਾਹਰ ਰਹਿਣ ਦੀ ਆਪਸ਼ਨ ਦੇ ਦਿੰਦੇ ਅਤੇ ਇਸ ਸਬੰਧੀ ਬਾਅਦ ਵਿਚ ਸਮੇ ਸਮੇਂ ਤੇ 1987 ਤੱਕ ਮੈਂਬਰ ਬਣਨ ਦੀ ਆਪਸ਼ਨ ਦਿੱਤੀ ਗਈ ਸੀ। ਜਿਨ੍ਹਾਂ ਕਰਮਚਾਰੀਆਂ ਨੂੰ ਮਿਤੀ 15.8.1982 ਤੋਂ ਬਾਅਦ ਦੀ ਮਿਤੀ ਤੋਂ ਰੈਗੂਲਰ ਕੀਤਾ ਗਿਆ ਹੈ ਉਹ ਇਸ ਸਕੀਮ ਦੇ ਜ਼ਰੂਰੀ ਮੈਂਬਰ ਹਨ। ਜੇਕਰ ਕਿਸੇ ਕਰਮਚਾਰੀ ਨੇ ਪਹਿਲਾਂ ਮੈਂਬਰ ਨਾਂ ਬਨਣ ਦੀ ਆਪਸ਼ਨ ਦੇ ਦਿੱਤੀ ਸੀ ਅਤੇ 1987 ਤੱਕ ਵੀ ਉਹ ਮੈਂਬਰ ਨਹੀਂ ਬਣੇ ਬਾਅਦ ਵਿਚ ਉਹ ਮੈਂਬਰ ਨਹੀਂ ਬਣ ਸਕਦੇ । ਜਿਹੜਾ ਕਰਮਚਾਰੀ ਮਿਤੀ 1 ਜਨਵਰੀ ਦੀ ਥਾਂ ਕਿਸੇ ਹੋਰ ਮਿਤੀ ਨੂੰ ਭਰਤੀ ਹੁੰਦਾ ਹੈ ਉਹ ਆਉਣ ਵਾਲੀ 1 ਜਨਵਰੀ ਤੱਕ ਸਿਰਫ ਬੀਮੇ ਦੇ ਰਕਮ ਕਟਵਾਏਗਾ ਜਿਹੜੀ ਕਿ ਗਰੁਪ ਏ= 40, ਗਰੁਪ ਬੀ =20, ਗਰੁਪ ਸੀ = 10 ਅਤੇ ਗਰੁੱਪ ਡੀ ਲਈ 5 ਰੁਪਏ ਹੈ। ਆਉਣ ਵਾਲੀ ਇੱਕ ਜਨਵਰੀ ਤੋ ਪੂਰੀ ਕਟੌਤੀ ਹਵੇਗੀ ।</td></tr>
<tr><td>9.5</td><td>ਇੱਕ ਕਰਮਚਾਰੀ ਦੀ ਜਿਸ ਦੀ ਗਰੇਡ ਪੇ 4400 ਹੈ ਉਹ ਕਿਸੇ ਹੋਰ ਸਕੂਲ ਵਿਚੋਂ ਬਦਲ ਕੇ ਉਨਾਂ ਦੇ ਸਕੂਲ ਵਿਚ ਆਇਆ ਹੈ ਅਤੇ ਉਸ ਦੀ ਜੀ.ਆਈ.ਐਸ. ਦੀ ਕਟੌਤੀ 120 ਕੀਤੀ ਜਾ ਰਹੀ ਹੈ। ਕੀ ਇਹ ਠੀਕ ਹੈ ।</td><td>ਇਸ ਸਬੰਧ ਵਿਚ ਦਸਿਆ ਜਾਂਦਾ ਹੈ ਕਿ 4400 ਗਰੇਡ ਪੇ ਲੈਣ ਵਾਲਾ ਕਰਮਚਾਰੀ ਗਰੁੱਪ ਬੀ ਵਿਚ ਆਉਂਦਾ ਹੈ ਅਤੇ ਉਸ ਦੀ ਜੀ.ਆਈ.ਐਸ. ਦੀ ਕਟੋਤੀ 60.00 ਹੋਣੀ ਸੀ । ਪ੍ਰੰਤੂ ਇਹ ਵੇਖ ਲਿਆ ਜਾਵੇ ਕਿ ਕਿਸੇ ਸਮੇਂ ਉਹ ਗਰੁਪ ਏ ਵਿਚ ਤਾਂ ਨਹੀਂ ਰਿਹਾ ਜੇਕਰ ਉਹ ਪਹਿਲਾਂ ਗਰੁੱਪ ਏ ਵਾਲੀ ਅਸਾਮੀ ਤੇ ਰਿਹਾ ਹੈ ਤੇ 120 ਰੁਪਏ ਕਟਾਉਂਦਾ ਰਿਹਾ ਹੈ ਤਾਂ ਰਿਵਰਸ਼ਨ ਤੇ ਸਮੂਹ ਬੀਮਾਂ ਸਕੀਮ ਦੀ ਕਟੌਤੀ 120 ਹੀ ਰਹੇਗੀ ।</td></tr>
<tr><td>9.6</td><td>ਕੁੱਝ ਦਰਜਾ ਚਾਰ ਕਰਮਚਾਰੀ 1900 ਗਰੇਡ ਪੇ ਲੈ ਰਹੇ ਹਨ ਕੀ</td><td>ਜਦੋਂ ਵੀ ਸਮੂਹ ਬੀਮਾਂ ਸਕੀਮ ਦਾ ਗਰੁੱਪ ਵੇਖਣ ਹੋਵੇ ਤਾਂ ਉਸ ਕਰਮਚਾਰੀ ਦੀ ਅਸਾਮੀ ਦੀ ਮੁਢਲੀ ਗਰੇਡ ਪੇ ਨੂੰ ਮੱਦੇ ਨੱਜਰ ਰਖ</td></tr>
</table>

| | | |
|---|---|---|
| | ਉਨਾਂ ਦੀ ਸਮੂਹ ਬੀਮਾ ਸਕੀਮ ਦੀ ਕਟੌਤੀ 30 ਰੁਪਏ ਹੋਣੀ ਚਾਹੀਦੀ ਹੈ ਜਾਂ 15 | ਕੇ ਸਮੂਹ ਬੀਮਾਂ ਸਕੀਮ ਦੇ ਗਰੁੱਪ ਦਾ ਫੈਸਲਾ ਕਰਨਾ ਹੁੰਦਾ ਹੈ। ਇਸ ਕੇਸ ਵਿਚ ਕਰਮਚਾਰੀ ਗਰੁੱਪ ਡੀ ਵਿਚ ਹੀ ਰਹੇਗਾ । |
| | | |